ਵੱਲੋਂ

ਡਾਇਰੈਕਟਰ ਜਨਰਲ ਪੁਲਿਸ, ਪੰਜਾਬ।
(ਅਮਲਾ-3-ਸ਼ਾਖਾ)।

ਵੱਲ

ਪੁਲਿਸ ਵਿਭਾਗ ਦੇ ਸਮੂਹ ਦਫਤਰਾਂ ਦੇ ਮੁੱਖੀਆਂ ਨੂੰ।

ਮੀਮੋ ਨੰਬਰ 13832-931/ਈ-3(3)
ਮਿਤੀ, ਚੰਡੀਗੜ੍ਹ:- 14-11-11

ਵਿਸ਼ਾ : ਪਹਿਲ ਦੇ ਅਧਾਰ ਤੇ ਭਰਤੀ ਸਬੰਧੀ।

ਹਵਾਲਾ ਇਸ ਦਫਤਰ ਦੇ ਮੀਮੋ ਨੰ: 10901-11001/ਈ -3(3) ਮਿਤੀ 26.09.2011, ਵਿਸ਼ਾ ਉਕਤ ਦੇ ਸਬੰਧ ਵਿੱਚ।

2. ਹਵਾਲੇ ਅਧੀਨ ਪੱਤਰ ਰਾਹੀਂ ਪਹਿਲ ਦੀਆਂ ਹਦਾਇਤਾਂ ਅਧੀਨ ਸਿਪਾਹੀ ਅਤੇ ਦਰਜਾ - 4 ( ਸਿਵਾਏ ਕਲਰਕ ਅਤੇ ਸੇਵਾਦਾਰ ) ਭਰਤੀ ਕਰਨ ਸਬੰਧੀ ਸਬੰਧਤ ਰੇਂਜ/ਜਿਲ੍ਹਾ/ਯੂਨਿਟ/ਵਿੰਗ ਵਲੋਂ ਆਪਣੀ ਪਧਰ ਤੇ ਪੈਤਰਿਕ ਯੂਨਿਟ ਵਲੋਂ ਵਿਚਾਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਅਤੇ ਇਹਨਾਂ ਕੇਸਾਂ ਵਿੱਚ ਸਰਕਾਰ ਵਲੋਂ ਇਸ ਦਫਤਰ ਵਲੋਂ ਸਮੇਂ ਸਿਰ ਜਾਰੀ ਹਦਾਇਤਾਂ/ਸਟੈਂਡਿੰਗ ਆਰਡਰ ਨੂੰ ਧਿਆਨ ਵਿੱਚ ਰੱਖ ਕੇ ਇਹ ਕੇਸ ਵਿਚਾਰਨ ਲਈ ਕਿਹਾ ਗਿਆ ਸੀ, ਪਰ ਇਹ ਵੇਖਣ ਵਿੱਚ ਆਇਆ ਹੈ ਕਿ ਅਜੇ ਵੀ ਬਹੁਤ ਸਾਰੇ ਕੇਸ ਇਸ ਦਫਤਰ ਨੂੰ ਭੇਜੇ ਜਾ ਰਹੇ ਹਨ ਅਤੇ ਇਸ ਤੋਂ ਇਲਾਵਾ ਬਹੁਤ ਸਾਰੇ ਉਮੀਦਵਾਰ ਇਸ ਦਫਤਰ ਵਿੱਚ ਆਪਣੇ ਭਰਤੀ ਦੇ ਕੇਸ ਦੀ ਮੌਜੂਦਾ ਸਥਿਤੀ ਬਾਰੇ ਜਾਣਨ ਲਈ ਪੇਸ਼ ਹੋ ਰਹੇ ਹਨ।

3. ਉਪਰੋਕਤ ਨੂੰ ਮੁੱਖ ਰੱਖਦੇ ਹੋਏ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪਹਿਲ ਦੀਆਂ ਹਦਾਇਤਾਂ ਅਧੀਨ ਭਰਤੀ ਦੇ ਕੇਸ ਵਿਚਾਰਦੇ ਹੋਏ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਜਾਵੇ:-

1. ਪਹਿਲ ਦੀਆਂ ਹਦਾਇਤਾਂ ਅਧੀਨ ਸਿਪਾਹੀ ਭਰਤੀ ਅਤੇ ਦਰਜਾ-4 ਦੇ ਕੇਸ ਵਿਚਾਰਨ ਲਈ ਤਿੰਨ ਗਜ਼ਟਿਡ ਅਫਸਰਾਂ ਦੀ ਸਕਰੀਨਿੰਗ ਕਮੇਟੀ ਗਠਿਤ ਕੀਤੀ ਜਾਵੇ। ਉਮੀਦਵਾਰ ਦੇ ਟਰਾਇਲ ਇਸ ਕਮੇਟੀ ਦੀ ਮੌਜੂਦਗੀ ਵਿੱਚ ਲਏ ਜਾਣ।
2. ਅਜਿਹੇ ਕੇਸਾਂ ਨੂੰ ਵਿਚਾਰਦੇ ਹੋਏ ਸਰਕਾਰ ਵਲੋਂ ਅਤੇ ਇਸ ਦਫਤਰ ਵਲੋਂ ਸਮੇਂ - ਸਮੇਂ ਸਿਰ ਜਾਰੀ ਪਹਿਲ ਦੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।
3. ਜਿਨ੍ਹਾਂ ਜਿਲ੍ਹਿਆਂ ਵਿੱਚ ਕਮਿਸ਼ਨੋਰੇਟ ਸਿਸਟਮ ਲਾਗੂ ਹੈ, ਉੱਥੇ ਪਹਿਲ ਦੀਆਂ ਹਦਾਇਤਾਂ ਅਧੀਨ ਕੇਸ ਸਬੰਧਤ ਦਫਤਰ ਵਲੋਂ ਵਿਚਾਰੇ ਜਾਣ।
4. ਅਗਰ ਕਿਸੇ ਨੁਕਤ ਦੇ ਸਬੰਧੀ ਰਹਿਬਰੀ ਦੀ ਲੋੜ ਹੋਵੇ ਤਾਂ ਇਸ ਦਫਤਰ ਨੂੰ ਲਿਖਿਆ ਜਾਵੇ।
5. ਸਬੰਧਤ ਡੀਲਿੰਗ ਹੈਂਡ ਅਤੇ ਸੁਪਰਡੈਂਟ/ ਹੈਡ ਕਲਰਕ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਜਦੋਂ ਵੀ ਕੋਈ ਉਮੀਦਵਾਰ ਉਹਨਾਂ ਦੇ ਦਫਤਰ ਵਿੱਚ ਆਪਣੇ ਕੇਸ ਦੀ ਤਾਜ਼ਾ ਸਥਿਤੀ ਜਾਣਨ ਲਈ ਆਵੇ ਤਾਂ ਉਸ ਨਾਲ ਹਮਦਰਦੀ ਅਤੇ ਨਰਮੀ ਨਾਲ ਪੇਸ਼ ਆਵੇ ਅਤੇ ਉਸਨੂੰ ਉਸਦੇ ਕੇਸ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਵੇ।
6. ਅਗਰ ਕਿਸੇ ਕੇਸ ਵਿੱਚ ਪਹਿਲਾ ਪੱਤਰ ਵਿਹਾਰ ਕੀਤਾ ਜਾ ਰਿਹਾ ਹੋਵੇ ਤਾਂ ਕੇਸ ਨੂੰ ਵਿਚਾਰਨ ਤੋਂ ਪਹਿਲਾਂ ਸਬੰਧਤ ਮਿਸਲ ਨੂੰ ਪੂਰੀ ਤਰ੍ਹਾਂ ਘੋਖ ਲਿਆ ਜਾਵੇ ਅਤੇ ਹਦਾਇਤਾਂ ਅਨੁਸਾਰ ਢੁਕੱਵੀਂ ਕਾਰਵਾਈ ਕੀਤੀ ਜਾਵੇ। ਇਹ ਯਕੀਨੀ ਬਣਾਇਆ ਜਾਵੇ ਕਿ ਅੱਗੇ ਤੋਂ ਪਹਿਲ ਦੇ ਅਧਾਰ ਤੇ ਸਿਪਾਹੀ ਜਾਂ ਦਰਜਾ-4 ( ਸਿਵਾਏ ਸੇਵਾਦਾਰ ) ਦੇ ਕੇਸ ਜਿਹਨਾਂ ਦਾ ਨਿਪਟਾਰਾ ਉਕਤ ਹਦਾਇਤਾਂ ਅਨੁਸਾਰ ਆਪ ਦੇ ਦਫਤਰ ਵਲੋਂ ਹੋਣਾ ਹੈ ਉਹ ਇਸ ਦਫਤਰ ਨੂੰ ਨਾ ਭੇਜੇ ਜਾਣ। ਅਜਿਹਾ ਕਰਨ ਨਾਲ ਬੇਲੋੜਾ ਪੱਤਰ ਵਿਹਾਰ ਹੋਵੇਗਾ ਅਤੇ ਸਬੰਧਤ ਉਮੀਦਵਾਰ ਦੇ ਕੇਸ ਵਿੱਚ ਫੈਸਲਾ ਕਰਨ ਵਿੱਚ ਦੇਰੀ ਵੀ ਹੋਵੇਗੀ।

ਏ.ਆਈ.ਜੀ. ਪਰਸੋਨਲ,
ਵਾ: ਡਾਇਰੈਕਟਰ ਜਨਰਲ ਪੁਲਿਸ, ਪੰਜਾਬ।